# ਘਰੇਲੂ ਹਿੰਸਾ ਅਤੇ ਪ੍ਰਤਾੜਣਾ ਤੋਂ ਬਚਾਅ ਲਈ ਕਾਨੂੰਨੀ ਵਿਕਲਪ
# ਰੱਖਿਆ ਆਦੇਸ਼

*ਘਰੇਲੂ ਹਿੰਸਾ ਅਤੇ ਪ੍ਰਤਾੜ ਣਾ ਤੋਂ ਰਾਹਤ ਪ੍ਰਾਪਤ ਕਰਨਾ ਬਹੁਤ ਮੁਸ਼ਕਿਲ ਮੁੱਦਾ ਹੈ, ਪਰ ਪੀੜਤਾਂ ਦੀ ਰੱਖਿਆ ਲਈ ਇੱਕ ਕਾਨੂੰਨ (ਘਰੇਲੂ ਹਿੰਸਾ ਅਤੇ ਪ੍ਰਤਾੜਣਾ ਅਧਿਨਿਯਮ – The Domestic Violence and Stalking Act) ਹੈ। ਜੇਕਰ ਤੁਹਾਨੂੰ ਆਪਣੀ ਅਤੇ/ਜਾਂ ਆਪਣੇ ਬੱਚਿਆਂ ਦੀ ਰੱਖਿਆ ਲਈ ਤੁਰੰਤ ਜ਼ਰੂਰਤ ਹੈ, ਤਾਂ ਤੁਸੀਂ ਰੱਖਿਆ ਆਦੇਸ਼ ਲਈ ਅਰਜ਼ੀ ਦੇ ਸਕਦੇ ਹੋ।*

*ਇਸ ਤੱਥ ਸ਼ੀਟ ਵਿੱਚ ਰੱਖਿਆ ਆਦੇਸ਼ ਲਈ ਅਰਜ਼ੀ ਦੇਣ ਵਿੱਚ ਮਦਦ ਲਈ ਜਾਣਕਾਰੀ ਦਿੱਤੀ ਗਈ ਹੈ।*

## ਪਰਿਭਾਸ਼ਾਵਾਂ:

**ਬਿਨੈਕਾਰ** – ਆਦੇਸ਼ ਲਈ ਅਰਜ਼ੀ ਦੇਣ ਵਾਲਾ ਵਿਅਕਤੀ
**ਪ੍ਰਤੀਵਾਦੀ** – ਜਿਸ ਵਿਅਕਤੀ ਦੇ ਕਾਰਨ ਰੱਖਿਆ ਚਾਹੀਦੀ ਹੈ
**ਅਮਨ-ਸ਼ਾਂਤੀ ਲਈ ਨਿਆਇਕ ਜੱਜ (ਜੇਜੇਪੀ – Judicial Justice of the Peace)** – ਤੁਹਾਡੇ ਮਾਮਲੇ ਨੂੰ ਸੁਣਨ ਵਾਲਾ ਅਤੇ ਸਬੂਤਾਂ ਦੇ ਆਧਾਰ 'ਤੇ ਫੈਸਲਾ ਸੁਣਾਉਣ ਵਾਲਾ ਅਦਾਲਤੀ ਅਧਿਕਾਰ
**ਰੱਖਿਆ ਆਦੇਸ਼ ਮਨੋਨੀਤ (ਪੀਓਡੀ – Protection Order Designate)** – ਰੱਖਿਆ ਆਦੇਸ਼ ਲਈ ਅਰਜ਼ੀ ਦੇਣ ਵਾਲੇ ਲੋਕਾਂ ਦੀ ਮਦਦ ਲਈ ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਵਿਅਕਤੀ (ਇਸ ਸ਼ੀਟ ਦੇ ਅੰਤ ਵਿੱਚ ਸੰਪਰਕ ਨੰਬਰ ਦੇਖੋ)
**ਘਰੇਲੂ ਹਿੰਸਾ** – ਕਰੀਬੀ ਰਿਸ਼ਤਿਆਂ ਵਿੱਚ ਹੁੰਦੀ ਹੈ ਉਦਾ: ਵਿਆਹੁਤਾ ਜਾਂ ਆਮ-ਕਾਨੂੰਨ ਦੇ ਅੰਤਰਗਤ ਆਉਣ ਵਾਲੇ ਜੋੜਿਆਂ ਜਾਂ ਪਰਿਵਾਰ ਦੇ ਮੈਂਬਰਾਂ ਵਿੱਚ, ਜਿੱਥੇ ਇੱਕ ਵਿਅਕਤੀ ਕਿਸੇ ਦੂਜੇ ਵਿਅਕਤੀ ਨੂੰ ਡਰਾਉਣ ਜਾਂ ਉਸ 'ਤੇ ਨਿਯੰਤਰਣ ਕਰਨ ਲਈ ਕਿਸੇ ਵੀ ਤਰ੍ਹਾਂ ਦੀ ਹਿੰਸਾ ਜਾਂ ਦੁਰਵਿਹਾਰ ਕਰਦਾ ਹੈ। ਦੋਵੇਂ ਵਿਅਕਤੀਆਂ ਦਾ ਇਕੱਠੇ ਰਹਿਣਾ ਜ਼ਰੂਰੀ ਨਹੀਂ ਹੈ; ਉਹ ਅਲੱਗ-ਅਲੱਗ ਰਹਿੰਦੇ ਵੀ ਹੋ ਸਕਦੇ ਹਨ; ਉਨ੍ਹਾਂ ਦਾ ਪ੍ਰੇਮ ਸੰਬੰਧ ਹੋ ਸਕਦਾ ਹੈ ਜਾਂ ਦੋਵਾਂ ਦਾ ਇੱਕ ਬੱਚਾ ਹੋ ਸਕਦਾ ਹੈ। ਘਰੇਲੂ ਹਿੰਸਾ ਵਿੱਚ ਇਹ ਸ਼ਾਮਿਲ ਹੈ:

- ਕਿਸੇ ਵਿਅਕਤੀ ਜਾਂ ਉਸਦੀ ਸੰਪਤੀ ਨੂੰ ਨੁਕਸਾਨ ਪਹੁੰਚਾਉਣਾ, ਜਾਂ ਅਜਿਹੀ ਧਮਕੀ ਦੇਣਾ ਜਾਂ ਵਿਹਾਰ ਕਰਨਾ ਜਿਸ ਕਾਰਨ ਵਿਅਕਤੀ (ਪੀੜਤ) ਨੂੰ ਇਹ ਡਰ ਬਣਿਆ ਰਹਿੰਦਾ ਹੈ ਕਿ ਉਸਨੂੰ ਜਾਂ ਉਸਦੀ ਸੰਪਤੀ ਨੂੰ ਨੁਕਸਾਨ ਪਹੁੰਚ ਸਕਦਾ ਹੈ
- ਭਾਵਨਾਤਮਿਕ ਸ਼ੋਸ਼ਣ
- ਕਿਸੇ ਨੂੰ ਉਸਦੀ ਇੱਛਾ ਦੇ ਖਿਲਾਫ ਕੁਝ ਕਰਨ ਲਈ ਮਜ਼ਬੂਰ ਕਰਨਾ
- ਯੌਨ ਸ਼ੋਸ਼ਣ

**ਪ੍ਰਤਾੜਣਾ** – ਜਦੋਂ ਕਿਸੇ ਵਿਅਕਤੀ ਨੂੰ ਵਾਰ-ਵਾਰ ਪਰੇਸ਼ਾਨ ਕੀਤਾ ਜਾਂਦਾ ਹੈ ਜਾਂ ਕਿਸੇ ਦੂਜੇ ਵਿਅਕਤੀ (ਪੀਤਤ) ਨੂੰ ਪਰੇਸ਼ਾਨ ਕੀਤਾ ਜਾਂਦਾ ਹੈ ਜਿਸਦੇ ਕਾਰਨ ਉਹ ਡਰ ਜਾਂਦਾ/ਜਾਂਦੀ ਹੈ ਜਾਂ ਉਸਨੂੰ ਆਪਣੀ ਸੁਰੱਖਿਆ ਖਤਰੇ ਵਿੱਚ ਲੱਗਦੀ ਹੈ। ਪ੍ਰਤਾੜਣਾ ਵਿੱਚ ਇਹ ਸ਼ਾਮਿਲ ਹੈ:

- ਹਰ ਜਗ੍ਹਾ ਪੀੜਤ ਦਾ ਪਿੱਛਾ ਕਰਨਾ
- ਪੀੜਤ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਗੱਲਬਾਤ ਕਰਨਾ। ਪੀੜਤ ਨਾਲ ਆਹਮਣੇ-ਸਾਹਮਣੇ, ਫੋਨ 'ਤੇ, ਇੰਟਰਨੈਟ 'ਤੇ, ਮੇਲ ਜਾਂ ਦੂਜਿਆਂ ਦੇ ਹੱਥ ਸੁਨੇਹੇ ਭੇਜ ਕੇ ਗੱਲਬਾਤ ਕਰਨ ਦੀ ਕੋਸ਼ਿਸ਼ ਕਰਨਾ।
- ਜਿੱਥੇ ਪੀੜਤ ਜਾਂਦਾ ਹੈ, ਉਸ ਜਗ੍ਹਾ 'ਤੇ ਨਜ਼ਰ ਰੱਖਣਾ
- ਪੀੜਤ ਨੂੰ ਧਮਕੀਆਂ ਦੇਣਾ

*Ces renseignements sont également offerts en français.*

## ਰੱਖਿਆ ਆਦੇਸ਼ ਕੀ ਹੈ?

ਰੱਖਿਆ ਆਦੇਸ਼ ਅਦਾਲਤੀ ਹੁਕਮ ਹੁੰਦਾ ਹੈ, ਜੋ ਕਿ ਤਤਕਾਲ ਦਿੱਤਾ ਜਾਂਦਾ ਹੈ, ਇਸਦੇ ਅਨੁਸਾਰ ਪ੍ਰਤੀਵਾਦੀ ਨੂੰ ਬਿਨੈਕਾਰ ਨਾਲ ਸੰਪਰਕ ਕਰਨ ਤੋਂ ਮਨ੍ਹਾਂ ਕੀਤਾ ਜਾਂਦਾ ਹੈ। ਇਹ ਆਦੇਸ਼ ਜੇਜੇਪੀ ਦੁਆਰਾ ਦਿੱਤੇ ਜਾਂਦੇ ਹਨ ਅਤੇ ਇਨ੍ਹਾਂ ਵਿੱਚ ਹੇਠਾਂ ਸੂਚੀਬੱਧ ਵਿਸ਼ੇਸ਼ ਸਥਿਤੀਆਂ ਵਿੱਚੋਂ ਸਭ ਜਾਂ ਕੁਝ ਸ਼ਾਮਿਲ ਹੋ ਸਕਦੀਆਂ ਹਨ:

- ਪ੍ਰਤੀਵਾਦੀ ਤੁਹਾਡੇ ਨਾਲ ਗੱਲਬਾਤ ਨਹੀਂ ਕਰ ਸਕਦਾ ਜਾਂ ਤੁਹਾਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਸੰਪਰਕ ਨਹੀਂ ਕਰ ਸਕਦਾ।
- ਪ੍ਰਤੀਵਾਦੀ ਅਜਿਹੇ ਕਿਸੇ ਸਥਾਨ ਦੇ ਨੇੜੇ ਨਹੀਂ ਜਾ ਸਕਦਾ ਜਿੱਥੇ ਤੁਸੀਂ ਜਾਂ ਵਿਸ਼ਿਸ਼ਟ ਵਿਅਕਤੀ ਨਿਯਮਿਤ ਤੌਰ 'ਤੇ ਜਾਂਦੇ ਹੋ, ਜਿਵੇਂ ਕਿ ਤੁਹਾਡਾ ਘਰ, ਕਾਰਜਸਥਾਨ, ਸਕੂਲ, ਜਾਂ ਪੂਜਾ ਦਾ ਸਥਾਨ।
- ਪ੍ਰਤੀਵਾਦੀ ਤੁਹਾਨੂੰ ਜਾਂ ਕਿਸੇ ਵਿਸ਼ਿਸ਼ਟ ਵਿਅਕਤੀ ਦਾ ਪਿੱਛਾ ਨਹੀਂ ਕਰ ਸਕਦਾ।
- ਜੇਕਰ ਪ੍ਰਤੀਵਾਦੀ ਕੋਲ ਕੋਈ ਹਥਿਆਰ ਹੈ ਤਾਂ ਉਹ ਪੁਲਿਸ ਨੂੰ ਦੇਣਾ ਪਵੇਗਾ, ਅਤੇ ਪੁਲਿਸ ਹਥਿਆਰ ਖੋਜ ਕੇ ਉਨ੍ਹਾਂ ਨੂੰ ਜ਼ਬਤ ਕਰ ਸਕਦੀ ਹੈ।
- ਪ੍ਰਤੀਵਾਦੀ ਨੂੰ ਤੁਹਾਡੇ ਜ਼ਰੂਰੀ ਨਿੱਜੀ ਸਮਾਨ ਦਾ ਅਧਿਕਾਰ ਅਸਥਾਈ ਤੌਰ 'ਤੇ ਤੁਹਾਨੂੰ ਦੇਣਾ ਪਵੇਗਾ।
- ਤੁਸੀਂ ਨਿੱਜੀ ਸਮਾਨ ਪ੍ਰਾਪਤ ਕਰਨ ਲਈ ਤੁਸੀਂ ਪੁਲਿਸ ਅਧਿਕਾਰੀ ਦੀ ਮਦਦ ਲੈ ਸਕਦੇ ਹੋ।
- ਪ੍ਰਤੀਵਾਦੀ ਨੂੰ ਤੁਹਾਡੇ ਘਰ 'ਚੋਂ ਬਾਹਰ ਕੱਢਣ ਲਈ ਤੁਸੀਂ ਪੁਲਿਸ ਅਧਿਕਾਰੀ ਦੀ ਮਦਦ ਲੈ ਸਕਦੇ ਹੋ।

17 ਅਕਤੂਬਰ, 2010 ਦੇ *ਘਰੇਲੂ ਹਿੰਸਾ ਅਤੇ ਪ੍ਰਤਾੜਣਾ ਅਧਿਨਿਯਮ* (*The Domestic Violence and Stalking Act*) ਦੇ ਤਹਿਤ ਆਉਂਦੀਆਂ ਰੱਖਿਆ ਆਦੇਸ਼ ਸ਼ਰਤਾਂ ਵਿੱਚ ਇੱਕ ਅਪਵਾਦ ਸ਼ਾਮਿਲ ਹੋ ਸਕਦਾ ਹੈ, ਜਿਸਦੇ ਅਨੁਸਾਰ ਪ੍ਰਤੀਵਾਦੀ,ਰੱਖਿਅਤ ਵਿਅਕਤੀ ਦੀ ਮੌਜੂਦਗੀ ਵਿੱਚ ਅਦਾਲਤ ਜਾਂ ਅਦਾਲਤ ਸੰਬੰਧੀ ਕਾਰਵਾਈਆਂ ਵਿੱਚ ਹਾਜ਼ਰ ਹੋ ਸਕਦਾ ਹੈ। ਇਸ ਅਪਵਾਦ ਦੇ ਸੰਬੰਧ ਵਿੱਚ ਵੀ ਵਿਸ਼ੇਸ਼ ਸ਼ਰਤਾਂ ਲਾਗੂ ਹੋਣਗੀਆਂ, ਜਿਵੇਂ ਕਿ ਪ੍ਰਤੀਵਾਦੀ ਨੂੰ ਰੱਖਿਅਤ ਵਿਅਕਤੀ ਤੋਂ ਘੱਟੋ ਘੱਟ ਦੋ ਮੀਟਰ ਦੀ ਦੂਰੀ 'ਤੇ ਖੜ੍ਹਾ ਹੋਣਾ ਪਵੇਗਾ ਅਤੇ ਜਦੋਂ ਤਕ ਜੱਜ ਜਾਂ ਬਚਾਅ ਕਰਨ ਵਾਲਾ ਵਿਅਕਤੀ ਉੱਥੇ ਮੌਜੂਦ ਨਹੀਂ ਹੁੰਦਾ ਅਤੇ ਗੱਲਬਾਤ ਕਰਨ ਦੀ ਮੰਜ਼ੂਰੀ ਨਹੀਂ ਦਿੰਦਾ, ਉਦੋਂ ਤਕ ਉਸ ਨਾਲ ਕੋਈ ਵੀ ਗੱਲਬਾਤ ਨਹੀਂ ਕਰ ਸਕੇਗਾ।

## ਰੱਖਿਆ ਆਦੇਸ਼ ਲਈ ਕੌਣ ਅਰਜ਼ੀ ਦੇ ਸਕਦਾ ਹੈ?

ਤੁਸੀਂ ਰੱਖਿਆ ਆਦੇਸ਼ ਲਈ ਅਰਜ਼ੀ ਦੇ ਸਕਦੇ ਹੋ ਜੇਕਰ ਤੁਹਾਨੂੰ ਕੋਈ ਪ੍ਰਤਾੜਿਤ ਕਰਦਾ ਹੈ ਜਾਂ ਤੁਸੀਂ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੇ ਹੋ ਅਤੇ ਕਿਸੇ ਕਾਰਨ ਤੁਸੀਂ ਇਹ ਮੰਨਦੇ ਹੋ ਕਿ ਇਸ ਤਰ੍ਹਾਂ ਦਾ ਵਿਹਾਰ ਜਾਰੀ ਰਹੇਗਾ। ਤੁਹਾਨੂੰ ਇਸ ਗੱਲ ਦੀ ਉਡੀਕ ਨਹੀਂ ਕਰਨੀ ਚਾਹੀਦੀ ਕਿ ਤੁਹਾਨੂੰ ਕੋਈ ਨੁਕਸਾਨ ਪਹੁੰਚਣ 'ਤੇ ਹੀ ਤੁਹਾਡੀ ਮਦਦ ਕੀਤੀ ਜਾਵੇਗੀ। ਇੱਕ ਬਿਨੈਕਾਰ ਦੇ ਰੂਪ ਵਿੱਚ, ਤੁਹਾਨੂੰ ਜੇਜੇਪੀ ਨੂੰ ਇਹ ਵਿਸਥਾਰ ਸਹਿਤ ਦੱਸਣਾ ਪਵੇਗਾ ਤੁਹਾਨੂੰ ਆਦੇਸ਼ ਦੀ ਲੋੜ ਕਿਉਂ ਹੈ ਅਤੇ ਤੁਹਾਨੂੰ ਤੁਰੰਤ ਰੱਖਿਆ ਕਿਉਂ ਚਾਹੀਦੀ ਹੈ ਇਸਦੇ ਸਾਰੇ ਤੱਥ, ਸਮਾਂ, ਮਿਤੀ ਅਤੇ ਘਟਨਾਵਾਂ ਦੇ ਸਥਾਨ ਬਾਰੇ ਦੱਸਣਾ ਹੋਵੇਗਾ। ਜੇਕਰ ਤੁਹਾਡੀ ਅਰਜ਼ੀ ਘਰੇਲੂ ਹਿੰਸਾ ਦੇ ਆਧਾਰ 'ਤੇ ਹੈ, ਤਾਂ ਤੁਹਾਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ:

- ਤੁਸੀਂ ਵਰਤਮਾਨ ਵਿੱਚ ਪ੍ਰਤੀਵਾਦੀ ਨਾਲ ਰਹਿੰਦੇ ਹੋ ਜਾਂ ਕੋਈ ਸੰਬੰਧ ਹੈ ਜਾਂ ਪਹਿਲਾਂ ਅਜਿਹਾ ਸੀ; ਜਾਂ
- ਪ੍ਰਤੀਵਾਦੀ ਅਤੇ ਤੁਹਾਡਾ ਕੋਈ ਬੱਚਾ ਜਾਂ ਬੱਚੇ ਹਨ; ਜਾਂ
- ਤੁਸੀਂ ਅਤੇ ਪ੍ਰਤੀਵਾਦੀ ਪਰਿਵਾਰਿਕ ਮੈਂਬਰ ਹੋ।

Manitoba

## ਇਸ 'ਤੇ ਕਿੰਨਾ ਖਰਚਾ ਆਵੇਗਾ?

ਰੱਖਿਆ ਆਦੇਸ਼ ਪ੍ਰਾਪਤ ਕਰਨ 'ਤੇ ਕੋਈ ਖਰਚਾ ਨਹੀਂ ਆਉਂਦਾ। ਹਾਲਾਂਕਿ, ਜੇਕਰ ਤੁਸੀਂ ਰੱਖਿਆ ਆਦੇਸ਼ ਰੱਦ ਕਰਨ ਲਈ ਅਰਜ਼ੀ ਦਿੰਦੇ ਹੋ ਤਾਂ ਫ਼ੀਸ ਦੇਣੀ ਪਵੇਗੀ।

## ਮੈਂ ਰੱਖਿਆ ਆਦੇਸ਼ ਕਿਵੇਂ ਪ੍ਰਾਪਤ ਕਰਾਂ?

ਰੱਖਿਆ ਆਦੇਸ਼ ਲਈ ਦੋ ਤਰੀਕਿਆਂ ਨਾਲ ਅਰਜ਼ੀ ਦਿੱਤੀ ਜਾ ਸਕਦੀ ਹੈ – ਨਿੱਜੀ ਤੌਰ 'ਤੇ ਜਾਂ ਟੈਲੀਫ਼ੋਨ 'ਤੇ।

ਨਿੱਜੀ ਤੌਰ 'ਤੇ ਅਰਜ਼ੀ ਦੇਣ ਲਈ:

- ਆਪਣੇ ਨਜ਼ਦੀਕੀ ਕਾਨੂੰਨੀ ਅਦਾਲਤ ਵਿੱਚ ਜਾਉ ਅਤੇ ਸੁਣਵਾਈ ਲਈ ਕਹੋ।
- ਨਿਵੇਦਨ ਪੱਤਰ ਭਰੋ ਅਤੇ ਪ੍ਰਤਾੜਣਾ ਜਾਂ ਘਰੇਲੂ ਹਿੰਸਾ ਦਾ ਵਰਣਨ ਕਰਦੇ ਹੋਏ ਹਲਫ਼ਨਾਮੇ ਵਿੱਚ ਖਾਲੀ ਸਥਾਨ ਭਰੋ।
- ਅਦਾਲਤੀ ਸਟਾਫ ਤੁਹਾਡੇ ਲਈ ਸੁਣਵਾਈ ਦਾ ਸਮਾਂ ਤੈਅ ਕਰੇਗਾ ਅਤੇ ਤੁਹਾਨੂੰ ਇਸ ਗੱਲ ਲਈ ਸਿਫ਼ਾਰਿਸ਼ ਵੀ ਕਰ ਸਕਦਾ ਹੈ ਕਿ ਅਰਜ਼ੀ ਦੇਣ ਵਿੱਚ ਮਦਦ ਅਤੇ ਸੁਰੱਖਿਆ ਯੋਜਨਾ ਬਾਰੇ ਜਾਣਕਾਰੀ ਦੇਣ ਲਈ ਪੀਓਡੀ ਦੀ ਸਹਾਇਤਾ ਲਉ।
- ਅਦਾਲਤ ਦੇ ਕਮਰੇ ਵਿੱਚ ਜਾਉ ਜਿੱਥੇ ਤੁਹਾਡੀ ਅਰਜ਼ੀ ਦੀ ਸੁਣਵਾਈ ਹੋਵੇਗੀ। ਜੇਜੇਪੀ ਜਾਂ ਤਾਂ ਕਮਰੇ ਵਿੱਚ ਹੋਵੇਗਾ ਜਾਂ ਵੀਡੀਓ ਕੌਂਨਫ੍ਰੈਂਸ ਰਾਹੀਂ ਤੁਹਾਨੂੰ ਸੰਪਰਕ ਕਰੇਗਾ।
- ਜੇਜੇਪੀ ਤੁਹਾਡੀ ਅਰਜ਼ੀ, ਹਲਫ਼ਨਾਮੇ, ਅਤੇ ਦਿੱਤੇ ਗਏ ਮੌਖਿਕ ਸਬੂਤ ਦੀ ਸਮੀਖਿਆ ਕਰੇਗਾ, ਅਤੇ ਫ਼ੈਸਲਾ ਸੁਣਾਵੇਗਾ।

ਤੁਸੀਂ ਅਦਾਲਤ ਵਿੱਚ ਆਪਣੀ ਮਦਦ ਲਈ ਕਿਸੇ ਮਿੱਤਰ ਜਾਂ ਮਦਦਗਾਰ ਵਿਅਕਤੀ ਨੂੰ ਨਾਲ ਲਿਆ ਸਕਦੇ ਹੋ। ਬੱਚਿਆਂ ਨੂੰ ਨਾਲ ਨਾ ਲੈ ਕੇ ਆਉ ਤਾਂ ਬਿਹਤਰ ਰਹੇਗਾ।

ਟੈਲੀਫ਼ੋਨ'ਤੇ ਅਰਜ਼ੀ ਦੇਣ ਲਈ:

- ਪੀਓਡੀ, ਵਕੀਲ ਜਾਂ ਪੁਲਿਸ ਅਧਿਕਾਰੀ ਕੋਲ ਜਾਉ ਅਤੇ ਮਦਦ ਲਈ ਕਹੋ।
- ਨਿਵੇਦਨ ਪੱਤਰ ਭਰੋ ਅਤੇ ਹਲਫ਼ਨਾਮੇ ਵਿੱਚ ਖਾਲੀ ਸਥਾਨ ਭਰੋ।
- ਜੇਜੇਪੀ ਤੁਹਾਨੂੰ ਬੁਲਾਏਗਾ ਅਤੇ ਜਿੰਨੀ ਦੇਰ ਤੱਕ ਟੇਪ ਰਿਕੌਰਡ ਕਰਨਾ ਸੰਭਵ ਹੋਵੇਗਾ, ਤੁਸੀਂ ਆਪਣੇ ਸਬੂਤ ਫ਼ੋਨ 'ਤੇ ਦੇ ਸਕਦੇ ਹੋ।
- ਜੇਜੇਪੀ ਤੁਹਾਡੀ ਅਰਜ਼ੀ, ਹਲਫ਼ਨਾਮੇ, ਅਤੇ ਦਿੱਤੇ ਗਏ ਮੌਖਿਕ ਸਬੂਤ ਦੀ ਸਮੀਖਿਆ ਕਰੇਗਾ, ਅਤੇ ਫ਼ੈਸਲਾ ਸੁਣਾਵੇਗਾ।

ਰੱਖਿਆ ਆਦੇਸ਼ ਲਈ ਅਰਜ਼ੀ ਦਿੰਦੇ ਸਮੇਂ ਤੁਹਾਨੂੰ ਸਬੂਤ ਦੇ ਤੌਰ 'ਤੇ ਕਿਸੇ ਗਵਾਹ ਜਾਂ ਕਿਸੇ ਹੋਰ ਵਿਅਕਤੀ ਦੀ ਲੋੜ ਨਹੀਂ ਹੈ, ਪਰ ਜੇਕਰ ਤੁਹਾਨੂੰ ਤੱਥਾਂ ਬਾਰੇ ਪੂਰੀ ਜਾਣਕਾਰੀ ਨਹੀਂ ਹੈ ਤਾਂ ਅਜਿਹਾ ਕਰ ਸਕਦੇ ਹੋ।

## ਰੱਖਿਆ ਆਦੇਸ਼ ਲਈ ਅਰਜ਼ੀ ਦੇਣ ਵਿੱਚ ਕਿੰਨਾ ਸਮਾਂ ਲੱਗੇਗਾ?

ਜੇਜੇਪੀ ਤਕ ਪਹੁੰਚਣ ਤੋਂ ਪਹਿਲਾਂ ਦਸਤਾਵੇਜ਼ ਪੂਰੇ ਕਰਨ ਅਤੇ ਸੁਣਵਾਈ ਵਿੱਚ ਸ਼ਾਮਲ ਹੋਣ ਲਈ ਕੁਝ ਘੰਟੇ ਲੱਗ ਸਕਦੇ ਹਨ। ਜੇਕਰ ਜੇਜੇਪੀ ਨੂੰ ਲੱਗਦਾ ਹੈ ਕਿ ਤੁਹਾਡੇ ਕੋਲ ਲੋੜੀਂਦੇ ਸਬੂਤ ਹਨ, ਤਾਂ ਸੁਣਵਾਈ ਦੇ ਅੰਤ ਵਿੱਚ ਤੁਹਾਨੂੰ ਆਦੇਸ਼ ਦੀ ਮੰਜ਼ੂਰੀ ਮਿਲ ਸਕਦੀ ਹੈ। ਆਦੇਸ਼ ਤੁਰੰਤ ਪ੍ਰਭਾਵਿਤ ਹੋ ਜਾਂਦੇ ਹਨ, ਪਰ ਪ੍ਰਤੀਵਾਦੀ 'ਤੇ ਆਦੇਸ਼ ਦੀ ਕਿਸੇ ਵੀ ਸ਼ਰਤ ਦੀ ਉਲੰਘਣਾ ਕਰਨ ਦੇ ਆਰੋਪ ਲਗਾਉਣ ਤੋਂ ਪਹਿਲਾਂ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ। ਆਦੇਸ਼ ਦੀਆਂ ਸ਼ਰਤਾਂ ਨੂੰ ਕੰਪਿਊਟਰ ਰਜਿਸਟਰੀ ਵਿੱਚ ਦਰਜ ਕੀਤਾ ਜਾਵੇਗਾ ਜੋ ਕਿ ਸਾਰੀ ਪੁਲਿਸ ਏਜੰਸੀਆਂ ਵਿੱਚ ਉਪਲਬਧ ਹੁੰਦੀ ਹੈ, ਤਾਂ ਕਿ ਜੇਕਰ ਤੁਸੀਂ ਮਦਦ ਲਈ ਕਾਲ ਕਰਦੇ ਹੋ ਤਾਂ ਉਹ ਆਦੇਸ਼ ਲਾਗੂ ਕਰਨ ਸਕਣ।

## ਪ੍ਰਤੀਵਾਦੀ ਨੂੰ ਕਿਵੇਂ ਪਤਾ ਲੱਗੇਗਾ ਕਿ ਮੇਰੇ ਕੋਲ ਰੱਖਿਆ ਆਦੇਸ਼ ਹੈ?

ਰੱਖਿਆ ਆਦੇਸ਼ ਮੰਜ਼ੂਰ ਹੋਣ ਤੋਂ ਬਾਅਦ ਜਿੰਨੀ ਜਲਦੀ ਸੰਭਵ ਹੋ ਸਕੇ ਪੁਲਿਸ ਜਾਂ ਪ੍ਰਧਾਨ ਦਫ਼ਤਰ ਪ੍ਰਤੀਵਾਦੀ ਦੇ ਖਿਲਾਫ ਕਾਰਵਾਈ ਕਰਦੇ ਹਨ। ਜੇਕਰ ਜੱਜ ਇਸ ਗੱਲ ਦੀ ਮੰਜ਼ੂਰੀ ਦਿੰਦਾ ਹੈ, ਤਾਂ ਪ੍ਰਤੀਵਾਦੀ ਕੋਲ ਨਿਰਧਾਰਿਤ ਆਦੇਸ਼ ਨੂੰ ਹਟਵਾਉਣ (ਰੱਦ ਕਰਨ) ਲਈ ਅਰਜ਼ੀ ਦੇਣ ਵਾਸਤੇ 20 ਦਿਨ, ਜਾਂ ਉਸ ਤੋਂ ਵੱਧ ਸਮਾਂ ਹੁੰਦਾ ਹੈ।

## ਕੀ ਪ੍ਰਤੀਵਾਦੀ ਰੱਖਿਆ ਆਦੇਸ਼ ਨੂੰ ਰੋਕ ਸਕਦਾ ਹੈ?

ਜੇਕਰ ਪ੍ਰਤੀਵਾਦੀ ਕੁਵੀਨ'ਸ ਬੈਂਚ ਦੀ ਅਦਾਲਤ ਵਿੱਚ ਨਿਰਧਾਰਿਤ ਆਦੇਸ਼ ਨੂੰ ਹਟਵਾਉਣ (ਰੱਦ ਕਰਨ) ਲਈ ਅਰਜ਼ੀ ਦਿੰਦਾ ਹੈ, ਤਾਂ ਤੁਹਾਨੂੰ ਸੂਚਿਤ ਕਰ ਦਿੱਤਾ ਜਾਵੇਗਾ। ਪ੍ਰਤੀਵਾਦੀ ਨੂੰ ਤੁਹਾਡੇ ਦੁਆਰਾ ਅਦਾਲਤ ਵਿੱਚ ਦਿੱਤੇ ਗਏ ਸਬੂਤ ਦੇਖਣ ਅਤੇ ਸੁਣਨ ਦੀ ਆਗਿਆ ਦਿੱਤੀ ਜਾਵੇਗੀ। ਤੁਹਾਨੂੰ ਸੁਣਵਾਈ ਦਾ ਨੋਟਿਸ ਦਿੱਤਾ ਜਾਵੇਗਾ ਅਤੇ ਪ੍ਰਤੀਵਾਦੀ ਦੇ ਸਬੂਤਾਂ ਨੂੰ ਚੁਣੌਤੀ ਦੇਣ ਅਤੇ ਆਦੇਸ਼ ਕਿਉਂ ਦਿੱਤਾ ਜਾਣਾ ਚਾਹੀਦਾ ਹੈ, ਇਸ ਗੱਲ ਦਾ ਵਿਵਰਣ ਦੇਣ ਦਾ ਮੌਕਾ ਦਿੱਤਾ ਜਾਵੇਗਾ।

## ਆਦੇਸ਼ ਕਿੰਨੇ ਸਮੇਂ ਤਕ ਪ੍ਰਭਾਵੀ ਰਹੇਗਾ?

31 ਅਕਤੂਬਰ, 2005 ਤੋਂ ਬਾਅਦ ਦਿੱਤੇ ਗਏ ਰੱਖਿਆ ਆਦੇਸ਼, ਆਮ ਤੌਰ 'ਤੇ ਤਿੰਨ ਸਾਲਾਂ ਲਈ ਪ੍ਰਭਾਵੀ ਰਹਿੰਦੇ ਹਨ। ਹਾਲਾਂਕਿ, ਜੇਕਰ ਜੇਜੇਪੀ ਨੂੰ ਲੱਗਦਾ ਹੈ ਕਿ ਤੁਹਾਨੂੰ ਇਸ ਤੋਂ ਅਧਿਕ ਸਮੇਂ ਤਕ ਰੱਖਿਆ ਦੀ ਲੋੜ ਹੈ ਤਾਂ ਉਹ ਲੰਬਾ ਆਦੇਸ਼ ਜਾਰੀ ਕਰ ਸਕਦਾ/ਸਕਦੀ ਹੈ। ਜੇਕਰ ਤੁਹਾਡਾ ਰੱਖਿਆ ਆਦੇਸ਼ ਸਮਾਪਤ ਹੋ ਗਿਆ ਹੈ ਜਾਂ ਹੋਣ ਵਾਲਾ ਹੈ ਅਤੇ ਤੁਹਾਨੂੰ ਅਜੇ ਵੀ ਰੱਖਿਆ ਦੀ ਲੋੜ ਹੈ, ਤਾਂ ਤੁਸੀਂ ਸਮਾਪਤੀ ਮਿਤੀ ਦੇ ਤਿੰਨ ਮਹੀਨੇ ਦੇ ਅੰਦਰ ਨਵੇਂ ਆਦੇਸ਼ ਲਈ ਅਰਜ਼ੀ ਦੇ ਸਕਦੇ ਹੋ। 31 ਅਕਤੂਬਰ, 2005 ਤੋਂ **ਪਹਿਲਾਂ** ਦਿੱਤੇ ਗਏ ਰੱਖਿਆ ਆਦੇਸ਼ ਸਮਾਪਤ ਨਹੀਂ ਹੁੰਦੇ ਹਨ।

## ਕੀ ਆਦੇਸ਼ ਮੈਨੀਟੋਬਾ ਤੋਂ ਬਾਹਰ ਵੀ ਲਾਗੂ ਰਹਿੰਦਾ ਹੈ?

ਮੈਨੀਟੋਬਾ ਸਮੇਤ,ਕੁਝ ਪ੍ਰਾਂਤਾਂ ਦੇ ਕਾਨੂੰਨ ਅਜਿਹੇ ਹਨ ਜੋ ਕਿ ਕਿਸੇ ਵੀ ਸਥਾਨ 'ਤੇ ਮੰਜ਼ੂਰ ਹੋਏ ਰੱਖਿਆ ਆਦੇਸ਼ ਨੂੰ ਮੰਨਦੇ ਹਨ। ਵਧੇਰੇ ਜਾਣਕਾਰੀ ਲਈ, ਕਿਸੇ ਵਕੀਲ ਜਾਂ ਘਰੇਲੂ ਕਾਨੂੰਨ ਬ੍ਰਾਂਚ, ਮੈਨੀਟੋਬ ਨਿਆਂ (204-945-0268 ਜਾਂ ਟੋਲ-ਫ਼੍ਰੀ ਨੰਬਰ 1-800-282-8069 ਐਕਸ. 0268) ਤੇ ਪਤਾ ਕਰੋ।

## ਯਾਦ ਰੱਖੋ

- ਰੱਖਿਆ ਆਦੇਸ਼, ਰੱਖਿਆ ਦੀ ਗਾਰੰਟੀ ਨਹੀਂ ਦਿੰਦਾ ਹੈ। ਇਹ ਗੱਲ ਮਾਇਨੇ ਨਹੀਂ ਰੱਖਦੀ ਕਿ ਅਦਾਲਤ ਕੀ ਆਦੇਸ਼ ਦਿੰਦੀ ਹੈ, ਤੁਹਾਨੂੰ ਆਪਣੀ ਸੁਰੱਖਿਆ ਬਾਰੇ ਯੋਜਨਾ ਬਣਾਉਣ ਦੀ ਲੋੜ ਹੈ।
- ਤੁਹਾਨੂੰ ਅਜਿਹਾ ਰੱਖਿਆ ਆਦੇਸ਼ ਪ੍ਰਾਪਤ ਕਰਨ ਦੀ ਲੋੜ ਹੈ ਜੋ ਤੁਹਾਡੀ ਸਥਿਤੀ ਦੇ ਅਨੁਸਾਰ ਬਿਲਕੁਲ ਸਹੀ ਹੋਵੇ।
- ਸਿਰਫ਼ ਅਜਿਹਾ ਕਹਿਣ 'ਤੇ ਕਿ ਤੁਹਾਨੂੰ ਰੱਖਿਆ ਆਦੇਸ਼ ਚਾਹੀਦਾ ਹੈ, ਆਪਣੇ ਆਪ ਹੀ ਤੁਹਾਨੂੰ ਇਹ ਨਹੀਂ ਮਿਲ ਜਾਵੇਗਾ।
- ਜੇਜੇਪੀ ਕੇਸ ਕਾਨੂੰਨ, ਤੱਥਾਂ ਅਤੇ ਸਬੂਤਾਂ ਦੇ ਆਧਾਰ'ਤੇ ਆਦੇਸ਼ ਜਾਰੀ ਕਰਦਾ ਹੈ। ਤੁਹਾਨੂੰ ਆਪਣੀ ਸਥਿਤੀ – ਮਿਤੀਆਂ, ਸਮਾਂ, ਸਥਾਨਾਂ ਬਾਰੇ ਨਿਸ਼ਚਿਤ ਹੋਣਾ ਚਾਹੀਦਾ ਹੈ।

## ਜਾਣਕਾਰੀ

ਘਰੇਲੂ ਹਿੰਸਾ ਜਾਂ ਸੁਰੱਖਿਆ ਯੋਜਨਾਵਾਂ ਬਾਰੇ ਵਧੇਰੇ ਜਾਣਕਾਰੀ ਲਈ, ਪ੍ਰਾਂਤੀ ਸੰਕਟ/ਜਾਣਕਾਰੀ ਲਾਈਨ **1–877–977–0007**'ਤੇ ਟੋਲ ਫ਼੍ਰੀ ਨੰਬਰ ਤੇ ਕਾਲ ਕਰੋ।

ਅਦਾਲਤ ਰਾਹੀਂ ਮਿਲਣ ਵਾਲੀ ਕਾਨੂੰਨੀ ਰੱਖਿਆ ਬਾਰੇ ਵਧੇਰੇ ਜਾਣਕਾਰੀ ਲਈ ਅਤੇ ਰੱਖਿਆ ਆਦੇਸ਼ ਮਨੋਨੀਤ (ਪੀਓਡੀ) ਬਾਰੇ ਜਾਣਕਾਰੀ ਲਈ, ਮੈਨੀਟੋਬਾ ਨਿਆਂ ਪੀੜਤ ਸੇਵਾਵਾਂ ਨੂੰ ਟੋਲ ਫ਼੍ਰੀ ਨੰਬਰ **1–866–484–2846**'ਤੇ ਕਾਲ ਕਰੋ।